# Washington ਰਾਜ ਵਿੱਚ ਗ੍ਰੈਜੂਏਸ਼ਨ ਸੰਬੰਧੀ ਜ਼ਰੂਰਤਾਂ



ਸਟੇਟ ਬੋਰਡ ਆਫ਼ ਐਜੂਕੇਸ਼ਨ (State Board of Education, SBE) ਰਾਜ ਗ੍ਰੈਜੂਏਸ਼ਨ ਸੰਬੰਧੀ ਜ਼ਰੂਰਤਾਂ ਨਿਰਧਾਰਿਤ ਕਰਦਾ ਹੈ। ਅੱਗੇ ਦਿੱਤਾ ਡਾਇਗ੍ਰਾਮ ਹਾਈ ਸਕੂਲ ਡਿਪਲੋਮਾ ਪ੍ਰਾਪਤ ਕਰਨ ਵਾਸਤੇ ਜ਼ਰੂਰੀ ਤਿੰਨ ਹਿੱਸਿਆਂ ਨੂੰ ਦਰਸਾਉਂਦਾ ਹੈ ਅਤੇ ਇਹ ਵੀ ਦਰਸਾਉਂਦਾ ਹੈ ਕਿ ਡਿਪਲੋਮਾ ਦੇ ਉਦੇਸ਼ ਨੂੰ ਪੂਰਾ ਕਰਨ ਲਈ ਉਹ ਕਿਸ ਤਰ੍ਹਾਂ ਇਕੱਠਿਆਂ ਮਿਲ ਕੇ ਕੰਮ ਕਰਦੇ ਹਨ।

**ਹਾਈ ਸਕੂਲ ਅਤੇ ਇਸ ਤੋਂ ਬਾਅਦ ਦਾ ਪਲਾਨ**

ਇੱਕ ਪਲਾਨਿੰਗ ਟੂਲ ਜੋ ਵਿਦਿਆਰਥੀਆਂ ਨੂੰ ਦਿਲਚਸਪੀਆਂ ਦੀ ਪਛਾਣ ਕਰਨ, ਟੀਚਾ ਨਿਰਧਾਰਿਤ ਕਰਨ ਅਤੇ ਹਾਈ ਸਕੂਲ ਪਾਠਕ੍ਰਮ ਅਤੇ ਸਰਗਰਮੀਂ ਦੀ ਚੋਣ ਕਰਨ ਵਿੱਚ ਮਦਦ ਕਰਦਾ ਹੈ।

**ਕ੍ਰੈਡਿਟ ਅਤੇ ਵਿਸ਼ਾ ਖੇਤਰ ਸੰਬੰਧੀ ਜ਼ਰੂਰਤਾਂ**

ਵਿਦਿਆਰਥੀ ਅਤੇ ਹੋਰ ਵਿਸ਼ਿਆਂ ਵਾਸਤੇ ਰਾਜ ਸਿੱਖਿਆ ਮਿਆਰਾਂ ਵਿੱਚ ਜ਼ਿਕਰ ਕੀਤੇ ਗਿਆਨ ਅਤੇ ਕੁਸ਼ਲਤਾਵਾਂ ਵਿਕਸਿਤ ਕਰਦੇ ਹਨ।

**ਗ੍ਰੈਜੂਏਸ਼ਨ ਪਾਥਵੇ ਦੇ ਵਿਕਲਪ**

ਇਹ ਤਰੀਕੇ ਜਿਹਨਾਂ ਨਾਲ ਵਿਦਿਆਰਥੀ ਸਕੂਲ ਤੋਂ ਬਾਅਦ ਆਪਣੀ ਵਿਅਕਤੀਗਤ ਸਿੱਖਿਆ ਅਤੇ ਕਰੀਅਰ ਦੇ ਟੀਚਿਆਂ ਵਾਸਤੇ ਤਤਪਰਤਾ ਵਿਖਾਉਂਦੇ ਹਨ।

**ਉਦੇਸ਼**

ਇਹ ਘੋਸ਼ਣਾ ਕਰਨਾ ਕਿ ਵਿਦਿਆਰਥੀ ਅੱਗੇ ਦਿੱਤਿਆਂ ਵਿੱਚ ਸਫ਼ਲਤਾ ਵਾਸਤੇ ਤਿਆਰ ਹਨ:

- ਸਕੈਂਡਰੀ ਤੋਂ ਬਾਅਦ ਦੀ ਸਿੱਖਿਆ
- ਲਾਭਦਾਇਕ ਰੁਜ਼ਗਾਰ
- ਨਾਗਰਿਕ ਸ਼ਮੂਲੀਅਤ
- ਜੀਵਨ ਭਰ ਸਿੱਖਣਾ

**(ਵਾਸ਼ਿੰਗਟਨ ਦਾ ਸੋਧਿਆ ਹੋਇਆ ਕੋਡ [Revised Code of Washington, RCW] 28A.230.700)**

ਸਕੂਲ ਡਿਸਟ੍ਰਿਕਟ ਰਾਜ ਦੀਆਂ ਨਿਊਨਤਮ ਜ਼ਰੂਰਤਾਂ ਤੋਂ ਇਲਾਵਾ ਵਾਧੂ ਸਥਾਨਕ ਗ੍ਰੈਜੂਏਸ਼ਨ ਜ਼ਰੂਰਤਾਂ ਵੀ ਜੋੜ ਸਕਦੇ ਹਨ। ਡਿਸਟ੍ਰਿਕਟ ਵਾਧੂ ਕ੍ਰੈਡਿਟ ਅਤੇ ਵਿਸ਼ਾ ਖੇਤਰ ਜ਼ਰੂਰਤਾਂ (ਜਿਵੇਂ ਵਿੱਤੀ ਸਾਖਰਤਾ ਪਾਠਕ੍ਰਮ) ਜਾਂ ਹੋਰ ਜ਼ਰੂਰਤਾਂ ਜਿਵੇਂ ਸੀਨੀਅਰ ਪ੍ਰੋਜੈਕਟ ਅਤੇ ਭਾਈਚਾਰਕ ਸੇਵਾ ਘੰਟੇ ਜੋੜ ਸਕਦੇ ਹਨ।

ਨੌਵੀਂ ਕਲਾਸ ਵਿੱਚ ਦਾਖ਼ਲੇ ਦੇ ਸਮੇਂ ਵਿਦਿਆਰਥੀਆਂ ਨੂੰ ਇੱਕ ਉਮੀਦੀ ਗ੍ਰੈਜੂਏਸ਼ਨ ਸਾਲ ਸੌਂਪਿਆ ਜਾਂਦਾ ਹੈ। ਚਾਹੇ ਉਹਨਾਂ ਨੇ ਹਾਈ ਸਕੂਲ ਦੀ ਪੜ੍ਹਾਈ ਕਿਸੇ ਵੀ ਸਾਲ ਵਿੱਚ ਪੂਰੀ ਕੀਤੀ ਹੋਵੇ, ਉਹਨਾਂ ਤੋਂ ਗ੍ਰੈਜੂਏਸ਼ਨ ਸਾਲ ਦੀਆਂ ਗ੍ਰੈਜੂਏਸ਼ਨ ਸੰਬੰਧੀ ਜ਼ਰੂਰਤਾਂ ਪੂਰੀਆਂ ਕਰਵਾਈਆਂ ਜਾਂਦੀਆਂ ਹਨ।


## ਹਾਈ ਸਕੂਲ ਅਤੇ ਇਸ ਤੋਂ ਬਾਅਦ ਦਾ ਪਲਾਨ (HSBP)

ਹਾਈ ਸਕੂਲ ਅਤੇ ਇਸ ਤੋਂ ਬਾਅਦ ਦਾ ਪਲਾਨ (High School and Beyond Plan, HSBP) ਇੱਕ ਵਿਅਕਤੀਗਤ ਪਲਾਨਿੰਗ ਪ੍ਰਕਿਰਿਆ ਹੈ ਜੋ ਵਿਦਿਆਰਥੀਆਂ ਨੂੰ - ਉਹਨਾਂ ਦੇ ਪਰਿਵਾਰਾਂ ਅਤੇ ਅਧਿਆਪਕਾਂ - ਹਾਈ ਸਕੂਲ ਵਿੱਚ ਅੱਗੇ ਵਧਣ ਅਤੇ ਆਪਣੇ ਭਵਿੱਖ ਦੀ ਤਿਆਰੀ ਕਰਨ ਵਿੱਚ ਮਦਦ ਕਰਦੀ ਹੈ। ਹਰੇਕ ਵਿਦਿਆਰਥੀ 7ਵੀਂ ਕਲਾਸ ਤੋਂ ਆਪਣਾ HSBP ਸ਼ੁਰੂ ਕਰਦਾ ਹੈ ਅਤੇ ਇਸ ਨੂੰ ਹਰ ਸਾਲ ਉਸ ਦੀਆਂ ਬਦਲਦੀਆਂ ਦਿਲਚਸਪੀਆਂ, ਟੀਚਿਆਂ ਅਤੇ ਜ਼ਰੂਰਤਾਂ ਨੂੰ ਪ੍ਰਤੀਬਿੰਬਤ ਕਰਨ ਲਈ ਅੱਪਡੇਟ ਕੀਤਾ ਜਾਂਦਾ ਹੈ। HSBP ਵਿੱਚ ਇੱਕ ਹਾਈ ਸਕੂਲ ਪਾਠਕ੍ਰਮ ਲੈਣ ਦਾ ਪਲਾਨ ਸ਼ਾਮਲ ਹੁੰਦਾ ਹੈ ਜੋ ਵਿਦਿਆਰਥੀ ਦੀ ਪੋਸਟਸੈਕੰਡਰੀ ਪਲਾਨਾਂ ਦੇ ਨਾਲ ਅਲਾਈਨ ਹੁੰਦੀ ਹੈ, ਵਿਦਿਆਰਥੀ ਨੂੰ ਗ੍ਰੈਜੂਏਟ ਹੋਣ ਵਾਸਤੇ ਲੋੜੀਂਦੀ ਕੋਈ ਵੀ ਸਹਾਇਤਾ, ਇੱਕ ਸਰਗਰਮੀ ਲੌਗ ਜਿਸ ਵਿੱਚ ਵਿਦਿਆਰਥੀ ਨੂੰ ਵਾਧੂ ਪਾਠਕ੍ਰਮ ਅਨੁਭਵ ਸ਼ਾਮਲ ਹੁੰਦੇ ਹਨ ਅਤੇ ਸਬੂਤ ਕਿ ਵਿਦਿਆਰਥੀ ਨੂੰ ਪੋਸਟਸੈਕੰਡਰੀ ਪ੍ਰੋਗਰਾਮਾਂ ਲਈ ਵਿੱਤੀ ਸਹਾਿਤਾ ਦੀ ਜਾਣਕਾਰੀ ਮਿਲੀ ਹੈ।

# ਕ੍ਰੈਡਿਟ ਅਤੇ ਵਿਸ਼ਾ ਖੇਤਰ ਸੰਬੰਧੀ ਜ਼ਰੂਰਤਾਂ

ਗ੍ਰੈਜੂਏਟ ਹੋਣ ਵਾਸਤੇ ਵਿਦਿਆਰਥੀਆਂ ਨੂੰ ਕੁੱਲ 24 ਕ੍ਰੈਡਿਟ ਪੂਰੇ ਕਰਨੇ ਹੋਣਗੇ - 17 ਕੋਰ ਕ੍ਰੈਡਿਟ ਅਤੇ ਸੱਤ ਫਲੈਕਸਿਬਲ ਕ੍ਰੈਡਿਟ। ਇਸ ਵਿੱਚ ਅੰਗ੍ਰੇਜ਼ੀ ਦੇ ਚਾਰ ਕ੍ਰੈਡਿਟ ਅਤੇ ਗਣਿਤ ਦੇ ਤਿੰਨ ਕ੍ਰੈਡਿਟ ਦੇ ਨਾਲ-ਨਾਲ ਹੋਰ ਵਿਸ਼ੇ ਵੀ ਸ਼ਾਮਲ ਹਨ (ਡਾਇਗ੍ਰਾਮ ਵੇਖੋ)।

ਸਿੱਖਣ ਦੀਆਂ ਮਿਆਰਾਂ ਇਹ ਪਰਿਭਾਸ਼ਿਤ ਕਰਦੀਆਂ ਹਨ ਕਿ ਵਿਦਿਆਰਥੀਆਂ ਨੂੰ ਹਰੇਕ ਕਲਾਸ ਪੱਧਰ 'ਤੇ ਹਰੇਕ ਵਿਸ਼ਾ ਖੇਤਰ ਵਿੱਚ ਕੀ ਜਾਣਨਾ ਚਾਹੀਦਾ ਹੈ ਅਤੇ ਕੀ ਕਰਨ ਵਿੱਚ ਸਮਰੱਥ ਹੋਣਾ ਚਾਹੀਦਾ ਹੈ। ਕ੍ਰੈਡਿਟ ਪ੍ਰਾਪਤ ਕਰਨ ਵਾਸਤੇ, ਵਿਦਿਆਰਥੀਆਂ ਨੂੰ ਪਾਠਕ੍ਰਮ ਸਫ਼ਲਤਾਪੂਰਵਕ ਪੂਰਾ ਕਰਨਾ ਹੋਵੇਗਾ ਜਾਂ ਫਿਰ ਇਹ ਵਿਖਾਉਣਾ ਹੋਵੇਗਾ ਕਿ ਉਹਨਾਂ ਨੇ ਸਿੱਖਣ ਸੰਬੰਧੀ ਮਿਆਰਾਂ ਨੂੰ ਪੂਰਾ ਕਰ ਲਿਆ ਹੈ।




**ਨੋਟਸ:**

1. ਵਿਅਕਤੀਗਤ ਪਾਥਵੇ ਸੰਬੰਧੀ ਜ਼ਰੂਰਤਾਂ (Personalized pathway requirements, PPR) ਕਿਸੇ ਵੀ ਵਿਸ਼ੇ ਵਿੱਚ ਇੱਛਿਤ ਹਨ ਜੋ ਵਿਦਿਆਰਥੀ ਦੇ HSBP ਨਾਲ ਮੇਲ ਖਾਂਦੀਆਂ ਹੁੰਦੀਆਂ ਹਨ। ਕਲਾ ਅਤੇ ਗਲੋਬਲ ਭਾਸ਼ਾ ਕ੍ਰੈਡਿਟ ਪੂਰਵ-ਨਿਰਧਾਰਿਤ ਸੁਝਾਵ ਹਨ, ਪਰ ਉਹਨਾਂ ਨੂੰ ਹੋਰ ਇੱਛਿਤ ਵਿਸ਼ਿਆਂ ਨਾਲ ਬਦਲਿਆ ਜਾ ਸਕਦਾ ਹੈ ਜੋ ਵਿਦਿਆਰਥੀ ਦੇ ਟੀਚਿਆਂ ਦਾ ਬਿਹਤਰ ਸਮਰਥਨ ਕਰਦੇ ਹਨ।
2. ਡਿਸਟ੍ਰਿਕਟ ਨੂੰ ਵਿਅਕਤੀਗਤ ਵਿਦਿਆਰਥੀ ਸਥਿਤੀਆਂ ਦੇ ਆਧਾਰ 'ਤੇ 24 ਕ੍ਰੈਡਿਤ ਦੀ ਜ਼ਰੂਰਤ ਵਿੱਚੋ ਦੋ ਫਲੈਕਸਿਬਲ ਕ੍ਰੈਡਿਟ ਤੱਕ ਦੀ ਛੋਟ ਦੇਣ ਦਾ ਅਧਿਕਾਰ ਹੈ।

# ਗ੍ਰੈਜੂਏਸ਼ਨ ਪਾਥਵੇ ਦੇ ਵਿਕਲਪ

2019 ਵਿੱਚ, ਕਾਨੂੰਨ ਨੇ ਇਸ ਲੋੜ ਨੂੰ ਹਟਾ ਦਿੱਤਾ ਕਿ ਇੱਕ ਵਿਦਿਆਰਥੀ ਨੂੰ ਗ੍ਰੈਜੂਏਟ ਹੋਣ ਲਈ ਰਾਜ ਦੇ ਮਿਆਰੀ ਮੁਲਾਂਕਣਾਂ ਨੂੰ ਪਾਸ ਕਰਨਾ ਚਾਹੀਦਾ ਹੈ ਅਤੇ ਇਸਨੂੰ ਪਾਥਵੇ ਵਿਕਲਪਾਂ ਦੇ ਇੱਕ ਸਮੂਹ ਨਾਲ ਬਦਲ ਦਿੱਤਾ। ਗ੍ਰੈਜੂਏਸ਼ਨ ਪਾਥਵੇ ਵਿਕਲਪ ਵਿਦਿਆਰਥੀਆਂ ਨੂੰ ਉਹਨਾਂ ਦੀ ਵਿਅਕਤੀਗਤ ਸਿੱਖਿਆ ਅਤੇ ਕਰੀਅਰ ਦੇ ਟੀਚਿਆਂ ਲਈ ਤਤਪਰਤਾ ਦਿਖਾਉਣ ਦੇ ਕਈ ਤਰੀਕੇ ਪ੍ਰਦਾਨ ਕਰਦਾ ਹੈ। ਵਿਦਿਆਰਥੀ ਦੁਆਰਾ ਪੂਰਾ ਕੀਤਾ ਜਾਣ ਵਾਲਾ ਪਾਥਵੇ ਵਿਦਿਆਰਥੀ ਦੇ ਹਾਈ ਸਕੂਲ ਅਤੇ ਬਾਇਓਂਡ ਪਲਾਨ ਵਿੱਚ ਦੱਸੇ ਗਏ ਪੋਸਟਸੈਕੰਡਰੀ ਟੀਚਿਆਂ ਦੇ ਅਨੁਸਾਰ ਹੋਣਾ ਚਾਹੀਦਾ ਹੈ।

- ਰਾਜ ਮੁਲਾਂਕਣ
- ਡੁਅਲ ਕ੍ਰੈਡਿਟ ਕੋਰਸ
- AP/IB/ਕੈਂਬਰਿਜ ਪ੍ਰੀਖਿਆਵਾਂ
- SAT/ACT ਕਾਲਜ ਦਾਖਲਾ ਪ੍ਰੀਖਿਆਵਾਂ
- ਟ੍ਰਾਂਜੀਸ਼ਨ ਕੋਰਸ
- ਪ੍ਰਦਰਸ਼ਨ ਆਧਾਰਿਤ
- ਕੰਬੀਨੇਸ਼ਨ
- ਹਥਿਆਰਬੰਦ ਸੇਵਾਵਾਂ ਵੋਕੇਸ਼ਨਲ ਐਪਟੀਟਿਊਡ ਬੈਟਰੀ (ASVAB)
- ਕਰੀਅਰ ਅਤੇ ਤਕਨੀਕੀ ਸਿੱਖਿਆ ਕੋਰਸ ਸੀਕੁਐਂਸ (CTE)

ਵਿਦਿਆਰਥੀਆਂ ਨੂੰ ਇੰਗਲਿਸ਼ ਲੈਂਗੁਏਜ ਆਰਟਸ (English Language Arts, ELA) ਅਤੇ ਗਣਿਤ ਦੋਵਾਂ ਵਿੱਚ ਪਾਥਵੇ ਦੀ ਜ਼ਰੂਰਤ ਨੂੰ ਪੂਰਾ ਕਰਨਾ ਚਾਹੀਦਾ ਹੈ, ਹਾਲਾਂਕਿ ਉਹ ਵੱਖ-ਵੱਖ ਪਾਥਵੇਅ ਕੰਬੀਨੇਸ਼ਨਾਂ ਦੁਆਰਾ ਅਜਿਹਾ ਕਰ ਸਕਦੇ ਹਨ। ਉਦਾਹਰਨ ਵਾਸਤੇ, ਕੋਈ ਵਿਦਿਆਰਥੀ ELA ਦੀ ਜ਼ਰੂਰਤ ਨੂੰ ਪ੍ਰਦਰਸ਼ਨ-ਆਧਾਰਿਤ ਮੁਲਾਂਕਣ ਦੇ ਰਾਹੀਂ ਅਤੇ ਗਣਿੱਤ ਦੀ ਜ਼ਰੂਰਤ ਨੂੰ ਟ੍ਰਾਂਜੀਸ਼ਨ ਕੋਰਸ ਰਾਹੀਂ ਪੂਰਾ ਕਰ ਸਕਦਾ ਹੈ। ਜਿਹੜੇ ਵਿਦਿਆਰਥੀ ASVAB ਜਾਂ CTE ਪਾਥਵੇਜ਼ ਅਪਣਾਉਂਦੇ ਹਨ, ਉਹਨਾਂ ਨੂੰ ਅੰਗ੍ਰੇਜ਼ੀ ਅਤੇ ਗਣਿਤ ਦੀਆਂ ਲੋੜਾਂ ਨੂੰ ਵੱਖਰੇ ਤੌਰ 'ਤੇ ਪੂਰਾ ਕਰਨ ਦੀ ਲੋੜ ਨਹੀਂ ਹੁੰਦੀ ਹੈ ਕਿਉਂਕਿ ਅੰਗ੍ਰੇਜ਼ੀ ਅਤੇ ਗਣਿਤ ਉਹਨਾਂ ਦੋਵਾਂ ਪਾਥਵੇਜ਼ ਵਿੱਚ ਸ਼ਾਮਲ ਹੁੰਦੇ ਹਨ।

ਸਕੂਲ ਡਿਸਟ੍ਰਿਕਟ ਇਹ ਫੈਸਲਾ ਕਰਦੇ ਹਨ ਕਿ ਕਿਹੜੇ ਰਸਤੇ ਦੀ ਪੇਸ਼ਕਸ਼ ਕਰਨੀ ਹੈ ਇਸ ਲਈ ਪਹੁੰਚ ਡਿਸਟ੍ਰਿਕਤਾਂ ਵਿੱਚ ਅਤੇ ਅੰਦਰ ਵੱਖ-ਵੱਖ ਹੁੰਦੀ ਹੈ।

**ਬੋਰਡ ਬਾਰੇ:** Washington State Board of Education ਰਾਜ ਦੀ K-12 ਜਨਤਕ ਸਿੱਖਿਆ ਪ੍ਰਣਾਲੀ ਲਈ ਨੀਤੀਆਂ ਬਣਾਉਂਦਾ ਹੈ ਅਤੇ ਉਹਨਾਂ ਦੀ ਵਕਾਲਤ ਕਰਦਾ ਹੈ। ਸਾਡਾ ਮਿਸ਼ਨ ਇੱਕ ਨਿਰਪੱਖ ਅਤੇ ਸਮਾਵੇਸ਼ੀ K-12 ਸਿੱਖਿਆ ਪ੍ਰਣਾਲੀ ਬਣਾਉਣਾ ਹੈ ਜਿੱਥੇ ਹਰ ਵਿਦਿਆਰਥੀ ਨੂੰ ਉਸ ਗਿਆਨ ਅਤੇ ਹੁਨਰਾਂ ਨਾਲ ਸ਼ਕਤੀਸ਼ਾਲੀ ਬਣਾਇਆ ਜਾਵੇ ਜੋ ਉਨ੍ਹਾਂ ਨੂੰ ਬਦਲਦੀ ਦੁਨੀਆ ਵਿੱਚ ਖੁਸ਼ਹਾਲ ਹੋਣ ਲਈ ਚਾਹੀਦੇ ਹਨ।

ਵੈੱਬਸਾਈਟ: sbe.wa.gov • ਫ਼ੋਨ: 360.725.6025 • ਈਮੇਲ: sbe@k12.wa.us